# ਰਾਜਨੀਤੀ ਸ਼ਾਸਤਰ ਦਾ ਖੇਤਰ

## Scope of Political Science

# 1). ਰਾਜ ਅਤੇ ਸਰਕਾਰ
# (State and Government)

- ਰਾਜ ਅਤੇ ਸਰਕਾਰ ਰਾਜਨੀਤੀ ਸ਼ਾਸਤਰ ਦੇ ਅਧਿਐਨ ਦੇ ਸ਼ੁਰੂ ਤੋਂ ਹੀ ਕੇਂਦਰੀ ਬਿੰਦੂ ਰਹੇ ਹਨ।
  - ✓ ਰਾਜ ਦਾ ਜਨਮ ਕਦੋਂ, ਕਿਉਂ ਤੇ ਕਿਵੇਂ ਹੋਇਆ।
  - ✓ ਰਾਜ ਦਾ ਸਰੂਪ ਭੂਤਕਾਲ ਵਿੱਚ ਕਿਹੋ-ਜਿਹਾ ਸੀ, ਵਰਤਮਾਨ ਵਿੱਚ ਕਿਸ ਤਰਾਂ ਦਾ ਹੈ, ਤੇ ਭਵਿੱਖ ਵਿੱਚ ਕਿਸ ਤਰਾਂ ਦਾ ਹੋਵੇਗਾ ਜਾਂ ਕਿਸ ਤਰਾਂ ਦਾ ਹੋਣਾ ਚਾਹੀਦਾ ਹੈ ਆਦਿ
- ਇਹ ਸਾਰੇ ਅਜਿਹੇ ਪ੍ਰਸ਼ਨ ਹਨ, ਜਿਹਨਾ ਦਾ ਅਧਿਐਨ ਰਾਜਨੀਤੀ ਸ਼ਾਸਤਰ ਵਿੱਚ ਕੀਤਾ ਜਾਂਦਾ ਹੈ।
- ਸਰਕਾਰ ਭਾਵੇਂ ਰਾਜ ਦਾ ਹੀ ਇੱਕ ਤੱਤ ਹੈ, ਪ੍ਰੰਤੂ ਇਸਦੀ ਮਹੱਤਤਾ ਨੂੰ ਵੇਖਦੇ ਹੋਏ ਇਸਨੂੰ ਵਿਸ਼ੇਸ਼ ਤੌਰ ਤੇ ਇਸ ਵਿਸ਼ੇ ਦੇ ਅਧਿਐਨ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

# 2). ਰਾਜਨੀਤਿਕ ਸਿਧਾਂਤ
# (Political Theories)

- ਰਾਜਨੀਤੀ ਸ਼ਾਸਤਰ ਦਾ ਖਜ਼ਾਨਾ ਮਹਾਨ ਵਿਦਵਾਨਾਂ ਦੇ ਰਾਜਨੀਤਿਕ ਸਿਧਾਂਤਾਂ ਨਾਲ਼ ਭਰਪੂਰ ਹੈ।
- ਇਹ ਸਿਧਾਂਤ ਸਾਨੂੰ ਰਾਜਨੀਤਿਕ ਸੰਸਥਾਵਾਂ ਦੇ ਸਰੂਪ ਅਤੇ ਉਦੇਸ਼ਾਂ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ।
- ਪਲੈਟੋ, ਅਰਸਤੂ, ਹੱਬਜ਼, ਰੂਸੋ, ਟੀ. ਐਚ. ਗਰੀਨ, ਅਤੇ ਕਾਰਲ ਮਾਰਕਸ ਵਰਗੇ ਵਿਦਵਾਨਾਂ ਨੇ ਰਾਜ ਦੇ ਸਰੂਪ, ਰਾਜ ਦੇ ਕੰਮ ਅਤੇ ਵਿਅਕਤੀ ਦੇ ਰਾਜ ਨਾਲ਼ ਸੰਬੰਧਾਂ ਬਾਰੇ ਬਹੁਤ ਹੀ ਮਹੱਤਵਪੂਰਨ ਰਚਨਾਵਾਂ ਸੰਸਾਰ ਨੂੰ ਦਿੱਤੀਆਂ ਹਨ।
- ਇਹਨਾਂ ਵਿਦਵਾਨਾਂ ਦੁਆਰਾ ਦਿੱਤੇ ਸਿਧਾਂਤ ਰਾਜਨੀਤੀ ਸ਼ਾਸਤਰ ਦੇ ਅਧਿਐਨ ਵਿੱਚ ਸ਼ਾਮਿਲ ਹਨ।

# 3). ਰਾਜਨੀਤਿਕ ਸੰਸਥਾਵਾਂ
# (Political Institutions)

- ਰਾਜਨੀਤੀ ਸ਼ਾਸਤਰ ਦੇ ਅਧਿਐਨ ਵਿੱਚ ਵੱਖ-ਵੱਖ ਕਿਸਮ ਦੀਆਂ ਰਾਜਨੀਤਿਕ ਪ੍ਰਣਾਲ਼ੀਆਂ ਦੇ ਕੰਮ ਕਾਰ ਦੇ ਢੰਗ, ਉਹਨਾ ਦੇ ਗੁਣ-ਔਗੁਣ ਆਦਿ ਵੀ ਸ਼ਾਮਿਲ ਹਨ।
- ਅੱਜ ਦੇ ਲੋਕਤੰਤਰੀ ਯੁੱਗ ਵਿੱਚ ਸਾਨੂੰ ਲੋਕਤੰਤਰ ਦੀਆਂ ਹੀ ਕਈ ਕਿਸਮਾਂ ਮਿਲਦੀਆਂ ਹਨ ਜਿਵੇਂ ਪ੍ਰਧਾਨਗੀ ਪ੍ਰਣਾਲ਼ੀ, ਸੰਸਦੀ ਪ੍ਰਣਾਲ਼ੀ, ਅਤੇ ਕਈ ਹੋਰ ਮਿਲੇ-ਜੁਲੇ ਸਰੂਪ ਦੀਆਂ ਰਾਜਨੀਤਿਕ ਪ੍ਰਣਾਲ਼ੀਆਂ।
- ਇਹਨਾਂ ਵਿੱਚੋਂ ਕਿਸੇ ਪ੍ਰਣਾਲ਼ੀ ਵਿੱਚ ਸਰਕਾਰ ਦੀ ਉੱਤਰਦਾਇਕਤਾ ਨੂੰ ਵਧੇਰੇ ਮਹੱਤਤਾ ਦਿੱਤੀ ਜਾਂਦੀ ਹੈ ਅਤੇ ਕਿਸੇ ਵਿੱਚ ਸਰਕਾਰ ਦੀ ਸਥਿਰਤਾ ਨੂੰ।
- ਇਹਨਾਂ ਵੱਖੋ-ਵੱਖ ਪ੍ਰਣਾਲ਼ੀਆਂ ਦੇ ਅਧਿਐਨ ਨਾਲ਼ ਅਸੀਂ ਸਿੱਟਾ ਕੱਢ ਸਕਦੇ ਹਾਂ ਕਿ ਕਿਸ ਤਰਾਂ ਦੇ ਸਮਾਜ ਵਿੱਚ ਕਿਹੜੀ ਕਿਸਮ ਦੀ ਰਾਜਨੀਤਿਕ ਪ੍ਰਣਾਲ਼ੀ ਲਾਗੂ ਕਰਕੇ ਸਮਾਜ ਦੇ ਉਦੇਸ਼ਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

# 4). ਰਾਜਨੀਤਿਕ ਦਲ, ਦਬਾਉ ਸਮੂਹ ਅਤੇ ਜਨਮੱਤ

# (Political Parties, Pressure Groups and Public Opinion)

- ✓ ਰਾਜਨੀਤਿਕ ਪ੍ਰਣਾਲ਼ੀ ਨੂੰ ਰਾਜਨੀਤਿਕ ਦਲਾਂ ਦੁਆਰਾ ਚਲਾਇਆ ਜਾਂਦਾ ਹੈ।
- ✓ ਇਸ ਲਈ ਰਾਜਨੀਤਿਕ ਦਲਾਂ ਦੀ ਗਿਣਤੀ, ਸਰੂਪ, ਅਨੁਸ਼ਾਸਨ ਅਤੇ ਕਾਰਜਵਿਧੀ ਦੇ ਢੰਗ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਤੇ ਬਹੁਤ ਪ੍ਰਭਾਵ ਪਾਉਂਦੇ ਹਨ।
- ✓ ਰਾਜਨੀਤਿਕ ਜਾਗਰੂਕਤਾ ਵਧਣ ਕਾਰਨ ਰਾਜਨੀਤਿਕ ਪ੍ਰਣਾਲ਼ੀ ਵਿੱਚ ਦਬਾਉ ਸਮੂਹਾਂ ਦਾ ਪ੍ਰਭਾਵ ਵੀ ਵਧ ਰਿਹਾ ਹੈ।
- ✓ ਸੰਚਾਰ ਸਾਧਨਾਂ ਵਿੱਚ ਕ੍ਰਾਂਤੀ ਆਉਣ ਕਾਰਨ ਲੋਕਮਤ ਦਾ ਪ੍ਰਭਾਵ ਵੀ ਰਾਜਨੀਤਿਕ ਪ੍ਰਣਾਲ਼ੀ ਤੇ ਵਧ ਰਿਹਾ ਹੈ।
- ਇਸ ਲਈ ਇਹਨਾਂ ਤੱਥਾਂ ਦੇ ਅਧਿਐਨ ਨੂੰ ਵੀ ਰਾਜਨੀਤੀ ਸ਼ਾਸਤਰ ਦੇ ਅਧਿਐਨ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

# 5). ਵਿਅਕਤੀ ਦੇ ਰਾਜ ਨਾਲ਼ ਸੰਬੰਧ
# (Relationship of the Individual with the State)

- ਵਿਅਕਤੀ ਦੇ ਰਾਜ ਨਾਲ਼ ਸੰਬੰਧ ਬਹੁਤ ਹੀ ਨਾਜ਼ੁਕ ਸਰੂਪ ਦੇ ਮੰਨੇ ਜਾਂਦੇ ਹਨ।
- ਇੱਕ ਪਾਸੇ ਰਾਜ ਦੀ ਸੱਤਾ, ਸ਼ਾਂਤੀ ਅਤੇ ਸੁਰੱਖਿਆ ਲਈ ਵਿਅਕਤੀ ਤੇ ਕੁੱਝ ਰੋਕਾਂ ਲਾਈਆਂ ਜਾਂਦੀਆਂ ਹਨ। ਦੂਜੇ ਪਾਸੇ ਵਿਅਕਤੀ ਦੇ ਜੀਵਨ ਨੂੰ 'ਮਨੁੱਖੀ ਜੀਵਨ' ਬਣਾਉਣ ਲਈ ਰਾਜ ਦੁਆਰਾ ਉਸਨੂੰ ਕੁੱਝ ਅਧਿਕਾਰ ਅਤੇ ਸੁਤੰਤਰਤਾਵਾਂ ਵੀ ਦਿੱਤੀਆਂ ਜਾਂਦੀਆਂ ਹਨ।
- ਇਹਨਾਂ ਦੋਵਾਂ ਪੱਖਾਂ ਵਿੱਚ ਥੋੜ੍ਹਾ ਜਿਹਾ ਵੀ ਅਸੰਤੁਲਨ ਖਤਰਨਾਕ ਸਿੱਧ ਹੁੰਦਾ ਹੈ।
- ਇਸ ਲਈ ਇਹਨਾਂ ਸੰਬੰਧਾਂ ਦਾ ਅਧਿਐਨ, ਅਤੇ ਇਹਨਾਂ ਸੰਬੰਧਾਂ ਵਿੱਚ ਸੰਤੁਲਨ ਕਾਇਮ ਰੱਖਣ ਲਈ ਸੁਝਾਅ ਦੇਣੇ ਰਾਜਨੀਤੀ ਸ਼ਾਸਤਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਕੰਮ ਹੈ।

# 6). ਸੰਵਿਧਾਨਾਂ ਦਾ ਅਧਿਐਨ
# (Study of Constitutions)

- ਅੱਜ–ਕੱਲ੍ਹ ਹਰੇਕ ਰਾਜਨੀਤਿਕ ਪ੍ਰਣਾਲ਼ੀ ਸੰਵਿਧਾਨ ਦੇ ਅਨੁਸਾਰ ਚੱਲਦੀ ਹੈ।
- ਸੰਵਿਧਾਨ ਹੀ ਰਾਜਨੀਤਿਕ ਪ੍ਰਣਾਲ਼ੀ ਦਾ ਸਰੂਪ ਤੈਅ ਕਰਦਾ ਹੈ ਅਤੇ ਸੰਵਿਧਾਨ ਵਿੱਚ ਹੀ ਰਾਜਨੀਤਿਕ ਸ਼ਕਤੀ ਦੀ ਵਰਤੋਂ ਦੇ ਉਦੇਸ਼ਾਂ ਦਾ ਵੇਰਵਾ ਹੁੰਦਾ ਹੈ।
- ਸੰਵਿਧਾਨ ਦੀਆਂ ਕਈ ਕਿਸਮਾ ਹੁੰਦੀਆਂ ਹਨ ਜਿਵੇਂ ਕਿ ਲਿਖਤੀ, ਅਲਿਖਤੀ, ਵਿਕਸਿਤ, ਸੰਵਿਧਾਨ ਸਭਾ ਦੁਆਰਾ ਬਣਾਇਆ ਹੋਇਆ, ਨਰਮ ਜਾਂ ਕਠੋਰ ਆਦਿ।
- ਰਾਜਨੀਤੀ ਸ਼ਾਸਤਰ ਵਿੱਚ ਸੰਵਿਧਾਨਾ ਦਾ ਅਧਿਐਨ ਵੀ ਕੀਤਾ ਜਾਂਦਾ ਹੈ, ਜਿਸ ਨਾਲ਼ ਕਿਸੇ ਵੀ ਰਾਜਨੀਤਿਕ ਪ੍ਰਣਾਲ਼ੀ ਦੇ ਰਸਮੀ ਸਰੂਪ ਦਾ ਪਤਾ ਲੱਗਦਾ ਹੈ।

# 7). ਰਾਜਨੀਤਿਕ ਸਹਿਭਾਗਤਾ
# (Political Participation)

- ਰਾਜਨੀਤੀ ਸ਼ਾਸਤਰ ਵਿੱਚ ਕਿਸੇ ਰਾਜ ਦੇ ਨਾਗਰਿਕਾਂ ਦੁਆਰਾ ਰਾਜਨੀਤੀ ਵਿੱਚ ਭਾਗ ਲੈਣ ਦੇ ਪੱਧਰ ਦਾ ਵੀ ਅਧਿਐਨ ਕੀਤਾ ਜਾਂਦਾ ਹੈ।
- ਰਾਜਨੀਤਿਕ ਸਹਿਭਾਗਤਾ ਦੇ ਕੇਵਲ ਗਿਣਾਤਮਕ ਪੱਖ (Quantitative Aspect) ਨੂੰ ਹੀ ਨਹੀਂ ਸਗੋਂ ਇਸਦੇ ਗੁਣਾਤਮਕ ਪੱਖ (Qualitative Aspect) ਨੂੰ ਵੀ ਅਧਿਐਨ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।
- ਇਹ ਗਿਆਨ ਸਾਨੂੰ ਕਿਸੇ ਰਾਜ ਦੇ ਨਾਗਰਿਕਾਂ ਦੇ ਰਾਜਨੀਤਿਕ ਅਤੇ ਬੌਧਿਕ ਜਾਗਰੂਕਤਾ ਦੇ ਪੱਧਰ ਨੂੰ ਜਾਣਨ ਵਿੱਚ ਸਹਾਈ ਹੁੰਦਾ ਹੈ।

# 8). ਅੰਤਰਰਾਸ਼ਟਰੀ ਰਾਜਨੀਤੀ
# (International Politics)

- ਆਧੁਨਿਕ ਯੁੱਗ ਅੰਤਰ ਰਾਸ਼ਟਰਵਾਦ ਦਾ ਯੁੱਗ ਹੈ, ਭਾਵ ਕੋਈ ਵੀ ਰਾਜ ਸੁੰਨ–ਸਥਾਨ (Vacuum) ਵਿੱਚ ਨਹੀਂ ਹੈ।
- ਇਸ ਲਈ ਹਰ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਤੇ ਅੰਤਰਰਾਸ਼ਟਰੀ ਘਟਨਾਵਾਂ ਦਾ ਗਹਿਰਾ ਪ੍ਰਭਾਵ ਪੈਂਦਾ ਹੈ।
- ਅੰਤਰਰਾਸ਼ਟਰੀ ਮੰਚ ਤੇ ਰਾਜਾਂ ਦੁਆਰਾ ਨਿਭਾਈ ਜਾ ਰਹੀ ਭੂਮਿਕਾ, ਰਾਜਾਂ ਦੀ ਤੁਲਨਾਂਤਮਕ ਸ਼ਕਤੀ, ਰਾਜਾਂ ਦੇ ਆਪਸੀ ਸੰਬੰਧ ਅਤੇ ਰਾਜਾਂ ਵਿਚਕਾਰ ਵਿਵਾਦ ਆਦਿ ਦਾ ਅਧਿਐਨ ਵੀ ਰਾਜਨੀਤੀ ਸ਼ਾਸਤਰ ਅਧੀਨ ਕੀਤਾ ਜਾਂਦਾ ਹੈ।

# 9). ਅੰਤਰਰਾਸ਼ਟਰੀ ਕਾਨੂੰਨ
# (International Law)

- ਰਾਜਾਂ ਦੇ ਆਪਸੀ ਸੰਬੰਧ ਅੰਤਰਰਾਸ਼ਟਰੀ ਕਾਨੂੰਨਾਂ ਦੁਆਰਾ ਨਿਯਮਿਤ ਕੀਤੇ ਜਾਂਦੇ ਹਨ।
- ਕਿਸੇ ਰਾਜ ਦੀਆਂ ਸਮੁੰਦਰੀ ਹੱਦਾਂ ਕਿੰਨੀ ਦੂਰੀ ਤੱਕ ਹੋਣਗੀਆਂ, ਯੁੱਧ ਸਮੇਂ ਕਿਹੜੀ ਕਾਰਵਾਈ ਵਰਜਿਤ ਹੋਵੇਗੀ ਆਦਿ ਦਾ ਨਿਰਦੇਸ਼ਨ ਅੰਤਰਰਾਸ਼ਟਰੀ ਕਾਨੂੰਨ ਕਰਦਾ ਹੈ।
- ਰਾਜਨੀਤੀ ਸ਼ਾਸਤਰ ਦੇ ਵਿਸ਼ੇ ਅਧੀਨ ਰਾਜਾਂ ਦੁਆਰਾ ਕੀਤੀਆਂ ਜਾਂਦੀਆਂ ਸੰਧੀਆਂ, ਯੁੱਧ ਨਾਲ਼ ਸੰਬੰਧਿਤ ਕਾਨੂੰਨ, ਰਾਜਦੂਤਾਂ ਆਦਿ ਨਾਲ਼ ਸੰਬੰਧਿਤ ਕਾਨੂੰਨਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ।

# 10). ਅੰਤਰਰਾਸ਼ਟਰੀ ਸੰਗਠਨ
# (International Organizations)

- ਅੰਤਰਰਾਸ਼ਟਰੀ ਸੰਗਠਨ ਰਾਜਾਂ ਵਿੱਚ ਸ਼ਾਂਤੀ ਨੂੰ ਕਾਇਮ ਰੱਖਣ ਅਤੇ ਰਾਜਾਂ ਦੇ ਸਰਵਪੱਖੀ ਵਿਕਾਸ ਲਈ ਹੋਂਦ ਵਿੱਚ ਆਏ ਹਨ।
- ਕਈ ਅੰਤਰਰਾਸ਼ਟਰੀ ਸੰਗਠਨਾਂ ਦਾ ਸਰੂਪ ਤਾਂ ਖੇਤਰੀ ਹੈ ਜਿਵੇਂ ਕਿ ਸਾਰਕ ਤੇ ਯੂਰਪੀਅਨ ਯੂਨੀਅਨ ਆਦਿ, ਤੇ ਕਈਆਂ ਦਾ ਸਰੂਪ ਵਿਸ਼ਵਵਿਆਪੀ ਹੈ ਜਿਵੇਂ ਕਿ ਵਿਸ਼ਵ ਵਪਾਰ ਸੰਗਠਨ ਅਤੇ ਸੰਯੁਕਤ ਰਾਸ਼ਟਰ ਆਦਿ।
- ਇਹ ਸੰਗਠਨ ਰਾਜਾਂ ਦੀ ਅੰਦਰੂਨੀ ਅਤੇ ਅੰਤਰਰਾਸ਼ਟਰੀ ਰਾਜਨੀਤੀ ਤੇ ਬਹੁਤ ਪ੍ਰਭਾਵ ਪਾਉਂਦੇ ਹਨ।
- ਇਸ ਲਈ ਰਾਜਨੀਤੀ ਸ਼ਾਸਤਰ ਵਿੱਚ ਅੰਤਰਰਾਸ਼ਟਰੀ ਸੰਗਠਨਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ।

# ਸਿੱਟਾ
# (Conclusion)

- ਸ਼ੁਰੂ ਤੋਂ ਹੀ ਰਾਜਨੀਤੀ ਸ਼ਾਸਤਰ ਦਾ ਮੁੱਖ ਵਿਸ਼ਾ–ਵਸਤੂ ਰਾਜ ਅਤੇ ਸਰਕਾਰ ਨਾਲ਼ ਜੁੜਿਆ ਹੋਇਆ ਮੰਨਿਆਂ ਜਾਂਦਾ ਹੈ।
- ਸਮਾਂ ਬਦਲਣ ਨਾਲ਼ ਇਸਦੇ ਖੇਤਰ ਵਿੱਚ ਕੁੱਝ ਤਬਦੀਲੀਆਂ ਜਰੂਰ ਆਈਆਂ ਹਨ, ਪ੍ਰੰਤੂ ਇਹਨਾਂ ਤਬਦੀਲੀਆਂ ਦੇ ਪਿੱਛੇ ਵੀ ਮੁੱਖ ਕਾਰਨ ਰਾਜ ਅਤੇ ਸਰਕਾਰ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਥਾਂ ਅਤੇ ਉਹਨਾ ਦੀ ਮਹੱਤਤਾ ਵਿੱਚ ਤਬਦੀਲੀਆਂ ਦਾ ਆਉਣਾ ਹੈ।
- ਅੰਤਰਰਾਸ਼ਟਰੀ ਵਾਤਾਵਰਨ, ਦਬਾਉ ਸਮੂਹ, ਲੋਕਮੱਤ, ਅਤੇ ਰਾਜਨੀਤਿਕ ਸਹਿਭਾਗਤਾ ਆਦਿ ਦੀ ਰਾਜਨੀਤੀ ਸ਼ਾਸਤਰ ਦੇ ਅਧਿਐਨ ਵਿੱਚ ਮਹੱਤਤਾ ਵਧਣ ਦਾ ਕਾਰਨ ਇਹ ਹੈ ਕਿ ਅੱਜ ਦਾ ਯੁੱਗ ਅੰਤਰ ਰਾਸ਼ਟਰਵਾਦ ਤੇ ਲੋਕਤੰਤਰ ਦਾ ਯੁੱਗ ਹੈ।




**PROF. JOGINDER SINGH KHATRA**
**DEPT. OF POLITICAL SCIENCE**

AKAL DEGREE COLLEGE MASTUANA SAHIB